
Tender Heart High school Sec-33 B chd

Class - 8 Ramandeep

10 ਪਾਠ

# ਵਿਸ਼ੇਸ਼ਣ (Adjective)

ਬੱਚਿਓ, ਹੇਠ ਦਿੱਤੇ ਚਿੱਤਰ ਨੂੰ ਧਿਆਨ ਨਾਲ਼ ਦੇਖੋ ਅਤੇ ਇਸ ਹੇਠਾਂ ਦਿੱਤੀ ਰਚਨਾ ਨੂੰ ਧਿਆਨ ਨਾਲ਼ ਪੜ੍ਹੋ।



ਅੱਜ **ਸਖ਼ਤ** ਗਰਮੀ ਦਾ ਦਿਨ ਹੈ। **ਗਰਮ** ਹਵਾ ਚੱਲ ਰਹੀ ਹੈ। ਗਰਮੀ ਕਾਰਨ ਬਜ਼ਾਰ ਵਿੱਚ **ਬਹੁਤੀ** ਰੌਣਕ ਨਹੀਂ। ਗਰਮੀ ਤੋਂ ਬਚਣ ਲਈ ਲੋਕਾਂ ਨੇ **ਰੰਗ-ਬਰੰਗੀਆਂ** ਛਤਰੀਆਂ ਲਈਆਂ ਹੋਈਆਂ ਹਨ। **ਮਿੱਠੇ** ਪਾਣੀ ਦੀਆਂ ਛਬੀਲਾਂ ਲੱਗੀਆਂ ਹੋਈਆਂ ਹਨ। **ਠੰਢਾ** ਪਾਣੀ ਪੀਣ ਨੂੰ ਦਿਲ ਕਰਦਾ ਹੈ। **ਛੋਟੀਆਂ-ਵੱਡੀਆਂ** ਦੁਕਾਨਾਂ 'ਤੇ **ਬਹੁਤੀ** ਭੀੜ ਨਹੀਂ। ਸ਼ਾਮ ਨੂੰ ਬਜ਼ਾਰ ਵਿੱਚ **ਬਹੁਤ** ਭੀੜ ਹੋ ਜਾਵੇਗੀ।

ਉਪਰੋਕਤ ਪੈਰੇ ਵਿੱਚ ਆਏ ਸ਼ਬਦ ਸਖ਼ਤ, ਗਰਮ, ਬਹੁਤੀ, ਰੰਗ-ਬਰੰਗੀਆਂ, ਮਿੱਠੇ, ਠੰਢਾ, ਛੋਟੀਆਂ-ਵੱਡੀਆਂ, ਬਹੁਤੀ, ਬਹੁਤ ਵਿਸ਼ੇਸ਼ਣ ਹਨ। ਇਹ ਸ਼ਬਦ ਆਪਣੇ ਨਾਲ਼ ਆਏ ਨਾਂਵਾਂ ਦੀ ਵਿਸ਼ੇਸ਼ਤਾ ਦੱਸਦੇ ਹਨ। ਅਸੀਂ ਕਹਿ ਸਕਦੇ ਹਾਂ ਕਿ :

ਨਾਂਵ ਜਾਂ ਪੜਨਾਂਵ ਦੀ ਵਿਸ਼ੇਸ਼ਤਾ ਦੱਸਣ ਵਾਲ਼ੇ ਸ਼ਬਦ ਵਿਸ਼ੇਸ਼ਣ ਅਖਵਾਉਂਦੇ ਹਨ।


## ਵਿਸ਼ੇਸ਼

ਜਿਨ੍ਹਾਂ ਨਾਂਵ-ਸ਼ਬਦਾਂ ਦੀ ਵਿਸ਼ੇਸ਼ਤਾ ਦੱਸੀ ਜਾਂਦੀ ਹੈ ਉਹਨਾਂ ਨੂੰ ਵਿਸ਼ੇਸ਼ ਕਹਿੰਦੇ ਹਨ। ਉਪਰੋਕਤ ਪੈਰੇ ਵਿੱਚ ਵਿਸ਼ੇਸ਼ਣ ਨਾਲ਼ ਆਏ ਨਾਂਵ ਗਰਮੀ, ਹਵਾ, ਰੌਣਕ, ਛਤਰੀਆਂ, ਪਾਣੀ, ਦੁਕਾਨਾਂ, ਭੀੜ ਵਿਸ਼ੇਸ਼ ਹਨ ਕਿਉਂਕਿ ਇਹਨਾਂ ਦੀ ਵਿਸ਼ੇਸ਼ਤਾ ਦੱਸੀ ਗਈ ਹੈ।



ਰੰਗ-ਬਰੰਗੀਆਂ → ਵਿਸ਼ੇਸ਼ਣ

ਛਤਰੀਆਂ → ਵਿਸ਼ੇਸ਼



ਮਿੱਠਾ → ਵਿਸ਼ੇਸ਼ਣ

ਪਾਣੀ → ਵਿਸ਼ੇਸ਼

## ਵਿਸ਼ੇਸ਼ਣ ਦਾ ਸਥਾਨ

Class-8 Ramandeep

ਵਾਕ ਵਿੱਚ ਵਿਸ਼ੇਸ਼ਣ, ਨਾਂਵ-ਸ਼ਬਦ ਅਥਵਾ ਆਪਣੇ ਵਿਸ਼ੇਸ਼ ਤੋਂ ਪਹਿਲਾਂ ਵੀ ਆ ਸਕਦਾ ਹੈ ਅਤੇ ਬਾਅਦ ਵਿੱਚ ਵੀ। ਪਰ ਇਹ (ਵਿਸ਼ੇਸ਼ਣ) ਪੜਨਾਂਵ ਤੋਂ ਬਾਅਦ ਉਸ ਦੇ ਨਾਲ਼ ਹੀ ਆਉਂਦਾ ਹੈ ; ਜਿਵੇਂ : 'ਹੁਸ਼ਿਆਰ ਬੱਚਾ' ਵਿੱਚ ਵਿਸ਼ੇਸ਼ਣ 'ਹੁਸ਼ਿਆਰ' ਆਪਣੇ ਵਿਸ਼ੇਸ਼ 'ਬੱਚਾ' ਤੋਂ ਪਹਿਲਾਂ ਆਇਆ ਹੈ। ਪਰ 'ਬੱਚਾ ਹੁਸ਼ਿਆਰ ਹੈ' ਵਾਕ ਵਿੱਚ 'ਹੁਸ਼ਿਆਰ' ਵਿਸ਼ੇਸ਼ਣ ਨਾਂਵ (ਬੱਚਾ) ਤੋਂ ਬਾਅਦ ਵਿੱਚ ਆਇਆ ਹੈ। 'ਉਹ ਹੁਸ਼ਿਆਰ ਹੈ' ਵਾਕ ਵਿੱਚ 'ਹੁਸ਼ਿਆਰ' ਵਿਸ਼ੇਸ਼ਣ ਪੜਨਾਂਵ 'ਉਹ' ਤੋਂ ਬਾਅਦ ਉਸ ਦੇ ਨਾਲ਼ ਹੀ ਆਇਆ ਹੈ।

## ਵਿਸ਼ੇਸ਼ਣ ਦੀਆਂ ਕਿਸਮਾਂ

**ਅਰਥਾਂ ਦੇ ਆਧਾਰ 'ਤੇ ਵਿਸ਼ੇਸ਼ਣ ਦੀਆਂ ਹੇਠ ਦਿੱਤੀਆਂ ਪੰਜ ਕਿਸਮਾਂ ਹਨ :**

1. ਗੁਣਵਾਚਕ ਵਿਸ਼ੇਸ਼ਣ
2. ਸੰਖਿਆਵਾਚਕ ਵਿਸ਼ੇਸ਼ਣ
3. ਪਰਿਮਾਣਵਾਚਕ ਵਿਸ਼ੇਸ਼ਣ
4. ਨਿਸ਼ਚੇਵਾਚਕ ਵਿਸ਼ੇਸ਼ਣ
5. ਪੜਨਾਂਵੀ ਵਿਸ਼ੇਸ਼ਣ

### 1. ਗੁਣਵਾਚਕ ਵਿਸ਼ੇਸ਼ਣ

ਨਾਂਵ ਜਾਂ ਪੜਨਾਂਵ ਦੇ ਗੁਣ, ਔਗੁਣ, ਵਿਸ਼ੇਸ਼ਤਾ/ਖ਼ਾਸੀਅਤ, ਲੱਛਣ, ਰੰਗ, ਅਵਸਥਾ/ਹਾਲਤ, ਸਥਾਨ ਆਦਿ ਦੀ ਜਾਣਕਾਰੀ ਦੇਣ ਵਾਲ਼ੇ ਵਿਸ਼ੇਸ਼ਣ ਗੁਣਵਾਚਕ ਵਿਸ਼ੇਸ਼ਣ ਹੁੰਦੇ ਹਨ।

**ਉੱਚਾ-ਲੰਮਾ** ਮੁੰਡਾ, **ਇਮਾਨਦਾਰ** ਵਿਅਕਤੀ, **ਖ਼ਾਕੀ** ਕਮੀਜ਼, **ਜਵਾਨ** ਮੁੰਡੇ, **ਪਾਪੀ** ਆਦਮੀ, **ਬੁੱਢੇ** ਪੁਰਸ਼, **ਮੋਟਾ** ਬੱਚਾ, **ਰੇਤਲਾ** ਇਲਾਕਾ ਵਿੱਚ ਉੱਚਾ-ਲੰਮਾ, ਇਮਾਨਦਾਰ, ਖ਼ਾਕੀ, ਜਵਾਨ, ਪਾਪੀ, ਬੁੱਢੇ, ਮੋਟਾ, ਰੇਤਲਾ ਗੁਣਵਾਚਕ ਵਿਸ਼ੇਸ਼ਣ ਹਨ।



### 2. ਸੰਖਿਆਵਾਚਕ ਵਿਸ਼ੇਸ਼ਣ

ਨਾਂਵ ਜਾਂ ਪੜਨਾਂਵ ਦੀ ਸੰਖਿਆ/ਗਿਣਤੀ ਦੀ ਜਾਣਕਾਰੀ ਦੇਣ ਵਾਲ਼ੇ ਵਿਸ਼ੇਸ਼ਣ ਸੰਖਿਆਵਾਚਕ ਜਾਂ ਸੰਖਿਅਕ ਵਿਸ਼ੇਸ਼ਣ ਕਹੇ ਜਾਂਦੇ ਹਨ ; ਜਿਵੇਂ : **ਦੋ** ਪੁਸਤਕਾਂ, **ਚਾਰ** ਪੈੱਨਸਲਾਂ, **ਦਸ** ਕਾਪੀਆਂ, **ਛੇਵੀਂ** ਜਮਾਤ, **ਅੱਠਵੀਂ** ਕਵਿਤਾ, **ਪੰਜੇ** ਵਿਦਿਆਰਥੀ, **ਦੂਣਾ** ਲਾਭ, **ਕਈ** ਮਕਾਨ, **ਕੁਝ** ਰੁਪਏ, **ਅੱਧੇ** ਮਜ਼ਦੂਰ ਵਿੱਚ ਦੋ, ਚਾਰ, ਦਸ, ਛੇਵੀਂ, ਅੱਠਵੀਂ, ਪੰਜੇ, ਦੂਣਾ, ਕਈ, ਕੁਝ, ਅੱਧੇ ਸੰਖਿਆਵਾਚਕ ਵਿਸ਼ੇਸ਼ਣ ਹਨ।

ਵਿਸ਼ੇਸ਼ਣਾਂ ਦੁਆਰਾ ਦਰਸਾਈ ਸੰਖਿਆ ਨਿਸ਼ਚਿਤ ਵੀ ਹੋ ਸਕਦੀ ਹੈ ; ਜਿਵੇਂ : ਦੋ, ਤਿੰਨ, ਪੰਜਵਾਂ ਆਦਿ ਅਤੇ ਅਨਿਸ਼ਚਿਤ ਵੀ ਜਿਵੇਂ; ਕੁਝ, ਸਾਰੇ, ਅੱਧੇ ਆਦਿ। ਇਸ ਆਧਾਰ 'ਤੇ ਸੰਖਿਆਵਾਚਕ ਵਿਸ਼ੇਸ਼ਣਾਂ ਨੂੰ ਕ੍ਰਮਵਾਰ **ਨਿਸ਼ਚਿਤ ਸੰਖਿਆਵਾਚਕ ਵਿਸ਼ੇਸ਼ਣ** ਅਤੇ **ਅਨਿਸ਼ਚਿਤ ਸੰਖਿਆਵਾਚਕ ਵਿਸ਼ੇਸ਼ਣ** ਨਾਂ ਦੀਆਂ ਦੋ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ।

Class-8 Ramandeep



ਚਾਰ ਪੈਂਨਸਲਾਂ



ਪੰਜ ਵਿਦਿਆਰਥੀ



ਕੁਝ ਮਕਾਨ

## 3. ਪਰਿਮਾਣਵਾਚਕ ਵਿਸ਼ੇਸ਼ਣ

ਪਰਿਮਾਣ ਦਾ ਅਰਥ ਮਾਪ, ਤੋਲ, ਵਜ਼ਨ, ਮਾਤਰਾ ਆਦਿ ਹੈ। ਜਿਨ੍ਹਾਂ ਵਿਸ਼ੇਸ਼ਣਾਂ ਤੋਂ ਮਾਪੀਆਂ, ਮਿਣੀਆਂ, ਤੋ ਜਾਣ ਵਾਲ਼ੀਆਂ ਚੀਜ਼ਾਂ-ਵਸਤਾਂ ਦੀ ਜਾਣਕਾਰੀ ਮਿਲ਼ੇ ਉਹ ਪਰਿਮਾਣਵਾਚਕ ਵਿਸ਼ੇਸ਼ਣ ਕਹੇ ਜਾਂਦੇ ਹਨ। ਜੇਕਰ ਮਾਤਰਾ, ਤੋਲ, ਵਜ਼ਨ ਆਦਿ ਪੂਰਾ ਜਾਂ ਨਿਸ਼ਚਿਤ ਹੋਵੇ ਤਾਂ ਅਜਿਹੇ ਵਿਸ਼ੇਸ਼ਣਾਂ ਨੂੰ ਨਿਸ਼ਚਿਤ ਪਰਿਮਾਣਵਾਚਕ ਵਿ ਕਹਿੰਦੇ ਹਨ ; ਜਿਵੇਂ : **ਇੱਕ ਲੀਟਰ** ਦੁੱਧ, **ਪੰਜ ਕਿੱਲੋ** ਗੁੜ, **ਦਸ ਕਿੱਲੋ** ਆਟਾ, **ਪੰਜ ਮੀਟਰ** ਕੱਪੜਾ ਵਿੱਚ ਇੱਕ ਲੀਟ ਕਿੱਲੋ, ਦਸ ਕਿੱਲੋ, ਪੰਜ ਮੀਟਰ ਨਿਸ਼ਚਿਤ ਪਰਿਮਾਣਵਾਚਕ ਵਿਸ਼ੇਸ਼ਣ ਹਨ।




ਇੱਕ ਲੀਟਰ ਦੁੱਧ



ਪੰਜ ਕਿੱਲੋ ਗੁੜ




ਦਸ ਕਿੱਲੋ ਆਟਾ

ਜੇਕਰ ਮਾਪ, ਤੋਲ, ਵਜ਼ਨ, ਮਾਤਰਾ ਆਦਿ ਦਾ ਅੰਦਾਜ਼ਾ ਹੀ ਦਿੱਤਾ ਜਾਵੇ ਤਾਂ ਅਜਿਹੇ ਪਰਿਮਾਣਵਾਚਕ ਵਿਸ਼ੇਸ਼ ਅਨਿਸ਼ਚਿਤ ਪਰਿਮਾਣਵਾਚਕ ਵਿਸ਼ੇਸ਼ਣ ਕਹਿੰਦੇ ਹਨ ; ਜਿਵੇਂ : **ਕੁਝ** ਖੰਡ, **ਥੋੜ੍ਹਾ** ਜਿਹਾ ਗੁੜ, **ਕਾਫ਼ੀ ਸਾਰਾ** ਆਟਾ ਕੁਝ, ਥੋੜ੍ਹਾ, ਕਾਫ਼ੀ ਸਾਰਾ ਅਨਿਸ਼ਚਿਤ ਪਰਿਮਾਣਵਾਚਕ ਵਿਸ਼ੇਸ਼ਣ ਹਨ।

## 4. ਨਿਸ਼ਚੇਵਾਚਕ ਵਿਸ਼ੇਸ਼ਣ

ਜਿਸ ਵਿਸ਼ੇਸ਼ਣ ਨਾਲ਼ ਕਿਸੇ ਚੀਜ਼-ਵਸਤ ਵੱਲ ਇਸ਼ਾਰਾ ਕਰ ਕੇ ਉਸ ਦਾ ਨਾਂ ਲਿਆ ਜਾਵੇ ਉਹ ਨਿਸ਼ਚੇਵਾਚਕ ਵਿਸ਼ੇਸ਼ਣ ਹੁੰਦਾ ਹੈ। ਲਿਖਤੀ ਪੰਜਾਬੀ ਭਾਸ਼ਾ ਵਿੱਚ ਨਿਸ਼ਚੇਵਾਚਕ ਵਿਸ਼ੇਸ਼ਣ 'ਇਹ' ਅਤੇ 'ਉਹ' ਆਮ ਵਰਤੇ ਜਾਂਦੇ ਹਨ। 'ਇਹ' ਨੇੜੇ ਦੀ ਚੀਜ਼-ਵਸਤ ਲਈ ਅਤੇ 'ਉਹ' ਦੂਰ ਦੀ ਚੀਜ਼-ਵਸਤ ਲਈ ਵਰਤਿਆ ਜਾਂਦਾ ਹੈ। 'ਉਹ' ਦੀ ਵਰਤੋਂ ਉਸ ਚੀਜ਼ ਲਈ ਹੁੰਦੀ ਹੈ ਜੋ ਦਿਖਾਈ ਨਾ ਦੇਵੇ।



1. **ਇਹ** ਬੈਟ ਮੇਰਾ ਹੈ।



2. **ਉਹ** ਬੈਟ ਤੇਰਾ ਸੀ ਜਿ ਗੁਆਚ ਗਿਆ ਹੈ

Class - 8 Ramandeep

ਅਸੀਂ ਕਈ ਵਾਰ ਉਸ ਚੀਜ਼-ਵਸਤ ਲਈ 'ਉਹ' ਸ਼ਬਦ ਦੀ ਵਰਤੋਂ ਕਰ ਲੈਂਦੇ ਹਾਂ ਜਿਹੜੀ ਦੂਰ ਤਾਂ ਹੁੰਦੀ ਹੈ ਪਰ ਦਿਖਾਈ ਦੇ ਰਹੀ ਹੁੰਦੀ ਹੈ। ਅਜਿਹੀ ਚੀਜ਼-ਵਸਤ ਲਈ 'ਉਹ' ਦੀ ਥਾਂ 'ਅਹੁ' ਵਿਸ਼ੇਸ਼ਣ ਵਰਤਣਾ ਚਾਹੀਦਾ ਹੈ।

## 5. ਪੜਨਾਂਵੀ ਵਿਸ਼ੇਸ਼ਣ

ਕਿਸੇ ਨਾਂਵ ਨਾਲ਼ ਵਿਸ਼ੇਸ਼ਣ ਦੇ ਰੂਪ ਵਿੱਚ ਆਉਣ ਵਾਲ਼ਾ ਪੜਨਾਂਵ ਪੜਨਾਂਵੀ ਵਿਸ਼ੇਸ਼ਣ ਕਿਹਾ ਜਾਂਦਾ ਹੈ ; ਜਿਵੇਂ:

ਜਿਹੜਾ ਬੱਚਾ ਪੜ੍ਹੇਗਾ, ਉਹ ਪਾਸ ਹੋਵੇਗਾ।

ਇਸ ਵਾਕ ਵਿੱਚ 'ਜਿਹੜਾ' ਸ਼ਬਦ ਪੜਨਾਂਵੀ ਵਿਸ਼ੇਸ਼ਣ ਹੈ ਕਿਉਂਕਿ ਇਹ ਆਪਣੇ ਵਿਸ਼ੇਸ਼ ਅਥਵਾ ਨਾਂਵ 'ਬੱਚਾ' ਤੋਂ ਪਹਿਲਾਂ ਆਇਆ ਹੈ। ਜੇਕਰ 'ਜਿਹੜਾ' ਪੜਨਾਂਵ ਕਿਸੇ ਨਾਂਵ ਤੋਂ ਪਹਿਲਾਂ ਉਸ ਨਾਲ਼ ਨਾ ਆਏ ਤਾਂ ਇਹ ਪੜਨਾਂਵੀ ਵਿਸ਼ੇਸ਼ਣ ਨਾ ਹੋ ਕੇ ਕੇਵਲ ਪੜਨਾਂਵ ਹੀ ਰਹਿੰਦਾ ਹੈ ; ਜਿਵੇਂ :

ਜਿਹੜਾ ਪੜ੍ਹੇਗਾ, ਉਹ ਪਾਸ ਹੋਵੇਗਾ।

ਇਸ ਤਰ੍ਹਾਂ ਵਿਸ਼ੇਸ਼ਣ ਦੀਆਂ ਵੱਖ-ਵੱਖ ਕਿਸਮਾਂ ਹਨ ਅਤੇ ਇਹਨਾਂ ਦੀ ਵਰਤੋਂ ਦੇ ਆਪਣੇ-ਆਪਣੇ ਨਿਯਮ ਹਨ।

## ਤੁਸੀਂ ਜਾਣ ਗਏ ਹੋਵੋਗੇ

* ਨਾਂਵ ਜਾਂ ਪੜਨਾਂਵ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦਾਂ ਨੂੰ ਵਿਸ਼ੇਸ਼ਣ ਕਹਿੰਦੇ ਹਨ।
* ਜਿਨ੍ਹਾਂ ਨਾਂਵਾਂ ਜਾਂ ਪੜਨਾਂਵਾਂ ਦੀ ਵਿਸ਼ੇਸ਼ਤਾ ਦੱਸੀ ਜਾਂਦੀ ਹੈ ਉਹਨਾਂ ਨੂੰ ਵਿਸ਼ੇਸ਼ ਕਿਹਾ ਜਾਂਦਾ ਹੈ।
* ਕਿਸੇ ਵਾਕ ਵਿੱਚ ਵਿਸ਼ੇਸ਼ਣ ਨਾਂਵ ਤੋਂ ਪਹਿਲਾਂ ਵੀ ਆ ਸਕਦਾ ਹੈ ਅਤੇ ਨਾਂਵ ਤੋਂ ਬਾਅਦ ਵਿੱਚ ਵੀ। ਪਰ ਇਹ ਪੜਨਾਂਵ ਤੋਂ ਪਿੱਛੋਂ ਉਸ ਦੇ ਨਾਲ਼ ਹੀ ਆਉਂਦਾ ਹੈ।
* ਅਰਥਾਂ ਦੇ ਆਧਾਰ 'ਤੇ ਵਿਸ਼ੇਸ਼ਣਾਂ ਦੀਆਂ ਪੰਜ ਕਿਸਮਾਂ ਹਨ; ਜਿਵੇਂ : ਗੁਣਵਾਚਕ ਵਿਸ਼ੇਸ਼ਣ, ਸੰਖਿਆਵਾਚਕ ਵਿਸ਼ੇਸ਼ਣ, ਪਰਿਮਾਣਵਾਚਕ ਵਿਸ਼ੇਸ਼ਣ, ਨਿਸ਼ਚੇਵਾਚਕ ਵਿਸ਼ੇਸ਼ਣ, ਪੜਨਾਂਵੀ ਵਿਸ਼ੇਸ਼ਣ।